ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ.),ਪੰਜਾਬ ਕੰਪਲੈਕਸ
ਪੰਜਾਬ ਸਕੂਲ ਸਿੱਖਿਆ ਬੋਰਡ,ਫੇਜ-8,ਐਸ. ਏ. ਐਸ. ਨਗਰ
(ਦਫਤਰੀ ਅਮਲਾ ਸ਼ਾਖਾ)

ਹੁਕਮ ਨੰ:5/1-2005ਦਅ(5)
ਮਿਤੀ:23.01.2013

ਸ਼੍ਰੀ ਤੇਜਿੰਦਰਪਾਲ ਸਿੰਘ, ਐਸ.ਐਲ.ਏ., ਸਸਸਸ ਬੱਸੀ ਪਠਾਣਾਂ(ਮੁੰਡੇ) ਜਿਲ੍ਹਾ ਫਤਿਹਗੜ੍ਹ ਸਾਹਿਬ ਵਿਰੁੱਧ ਐਫ.ਆਈ.ਆਰ. ਨੰ:109 ਮਿਤੀ13.09.2004 ਥਣਾ ਬੱਸੀ ਪਠਾਣਾਂ(ਫਤਿਹਗੜ੍ਹ ਸਾਹਿਬ ) ਵਿਖੇ ਦਰਜ ਹੋਈ ਸੀ।ਮਾਨਯੋਗ ਚੀਫ ਜੁਡੀਸ਼ਅਲ ਮੈਜਿਸਟਰੇਟ ਫਤਿਹਗੜ੍ਹ ਸਾਹਿਬ ਮਿਸ ਬਲਜਿੰਦਰ ਸਿੰਘ ਦੀ ਅਦਾਲਤ ਵੱਲੋਂ ਮਿਤੀ 12.04.2012 ਨੂੰ ਦੋ ਸਾਲ ਦੀ ਕੈਦ ਅਤੇ 1000/-ਰੁ: ਜੁਰਮਾਨਾ ਕੀਤਾ ਸੀ।

ਇਸ ਕਰਮਚਾਰੀ ਨੂੰ ਭਾਰਤੀ ਦੰਡਾਂਵਲੀ ਦੀ ਧਾਰਾ 409,467,468,471,420,120 ਬੀ ਆਈ ਪੀ ਸੀ ਦੇ ਅਧੀਨ ਸਜਾ ਸੁਣਾਈ ਗਈ ਹੈ। ਕਿਉ ਜੋ ਕਰਮਚਾਰੀ ਨੂੰ ਹੇਰਾ ਫੇਰੀ ਕਰਨ ਅਤੇ ਸਰਕਾਰੀ ਰਿਕਾਰਡ ਨਾਲ ਭੰਨ ਤੋੜ ਕਰਨ ਵਰਗੇ ਸੰਗੀਨ ਜੁਰਮਾਂ ਦਾ ਦੋਸ਼ੀ ਠਹਿਰਾਇਆ ਗਿਆ ਹੈ,ਇਸ ਲਈ ਉਸ ਨੂੰ ਸਰਕਾਰੀ ਸੇਵਾ ਵਿੱਚ ਚਾਲੂ ਰੱਖਣਾ ਲੋਕ ਹਿੱਤ ਵਿੱਚ ਨਹੀਂ ਹੈ। ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 13(i) ਤਹਿਤ ਮੇਰੀ ਤਸੱਲੀ ਹੋ ਗਈ ਹੈ ਕਿ ਫੋਜਦਾਰੀ ਮੁਕੱਦਮੇਂ ਵਿੱਚ ਕਰਮਚਾਰੀ ਦੇ ਆਚਰਨ ਕਾਰਨ ਉਸ ਨੂੰ ਸੰਗੀਨ ਜੁਰਮਾਂ ਵਿੱਚ ਦੋਸ਼ੀ ਠਹਿਰਾਏ ਜਾਣ ਕਾਰਨ ਉਸ ਨੂੰ ਸਜਾ ਦੇਣ ਤੋਂ ਪਹਿਲਾਂ ਉਪਰੋਕਤ ਨਿਯਮਾਂ ਦੇ ਨਿਯਮ 8 ਅਧੀਨ ਹੋਰ ਵਿਭਾਗੀ ਪੜਤਾਲ ਕਰਵਾਉਣ ਦੀ ਕੋਈ ਜਰੂਰਤ ਨਹੀਂ ਹੈ। ਇਨ੍ਹਾਂ ਕਾਰਨਾਂ ਕਰਕੇ ਸ਼੍ਰੀ ਤੇਜਿੰਦਰਪਾਲ ਸਿੰਘ, ਐਸ.ਐਲ.ਏ., ਸਸਸਸ ਬੱਸੀ ਪਠਾਣਾਂ(ਮੁੰਡੇ) ਜਿਲ੍ਹਾ ਫਤਿਹਗੜ੍ਹ ਸਾਹਿਬ ਨੂੰ ਪੰਜਾਬ ਸਿਵਲ ਸੇਵਾਵਾਂ ਨਿਯਮ 1970 ਦੇ ਰੂਲ 5(ix) ਤਹਿਤ ਵਰਹਿਤ ਸਜਾ ਦਿੰਦੇ ਹੋਏ ਤੱਤਕਾਲ ਸੇਵਾ ਤੋਂ ਬਰਖਾਸਤ ਕੀਤਾ ਜਾਂਦਾ ਹੈ ਅਤੇ ਕਰਮਚਾਰੀ ਨੂੰ ਭਵਿੱਖ ਵਿੱਚ ਕੋਈ ਵੀ ਸਰਕਾਰੀ ਨੌਕਰੀ ਪ੍ਰਾਪਤ ਕਰਨ ਲਈ ਅਯੋਗ ਠਹਿਰਾਇਆ ਜਾਂਦਾ ਹੈ।

ਡਾ. ਕਮਲ ਕੁਮਾਰ
ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿੱ.) ਪੰਜਾਬ

ਪਿੱਠ ਅੰਕਣ ਨੰ: ਉਕਤ 418-20 ਮਿਤੀ:23.01.2013

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ,ਸਕੂਲ ਸਿੱਖਿਆ,ਪੰਜਾਬ, ਸੈਕਟਰ-34, ਚੰਡੀਗੜ੍ਹ।
2. ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ.) ਫਤਿਗਹਗੜ੍ਹ ਸਾਹਿਬ
3. ਸ਼੍ਰੀ ਤੇਜਿੰਦਰਪਾਲ ਸਿੰਘ, ਐਸ.ਐਲ.ਏ., ਸਸਸਸ ਬੱਸੀ ਪਠਾਣਾਂ(ਮੁੰਡੇ) ਜਿਲ੍ਹਾ ਫਤਿਹਗੜ੍ਹ ਸਾਹਿਬ

23/1/2013
ਅਮਲਾ ਅਫਸਰ